LAC 1263455
17/6/26

# ਦਫਤਰ ਕਮਿਸ਼ਨਰ, ਰੂਪਨਗਰ ਮੰਡਲ, ਰੂਪਨਗਰ।

ਸੇਵਾ ਵਿਖੇ,

ਭੋਂ ਪ੍ਰਾਪਤੀ ਕੁਲੈਕਟਰ,
ਸ਼ਹਿਰੀ ਵਿਕਾਸ ਵਿਭਾਗ, ਪੁੱਡਾ ਭਵਨ,
ਐਸ.ਏ.ਐਸ ਨਗਰ।

ਪੱਤਰ ਨੰ:- ੨੬੧ ਮਿਤੀ: 12/6/੨੦੨੬

ਵਿਸ਼ਾ:- Acquisition of land for acquisition of land of Revenue Rastas falling in Village Manakpur of SAS Nagar District falling in the project of Landchester Infrastructure Associate under the Right to Fair compensation and transparency in Land Acquisition, Rehabilitation and settlement (RFCTLARR) Act 2013-Review of Rehabilitation and Resettlement Plan by Collector as per provision of Section-17 of the Act, (ibid)

ਹਵਾਲਾ: ਆਪ ਦੇ Memo no M.A./L.A.C/2026/1252290 dated 09.06.2026 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਏ ਐਡਮਿਨਸਟ੍ਰੇਟਰ (ਆਰ ਐਂਡ ਆਰ) ਕਮ ਵਧੀਕ ਡਿਪਟੀ ਕਮਿਸ਼ਨਰ (ਜ) ਐਸ.ਏ.ਐਸ ਨਗਰ ਦੇ ਮੀਮੋ ਨੰਬਰ ਆਰ ਐਂਡ ਆਰ/29 ਮਿਤੀ 05.06.2026 ਅਨੁਸਾਰ ਜਨਤਕ ਸੁਣਵਾਈ ਦੌਰਾਨ ਆਰ ਐਂਡ ਆਰ ਸਕੀਮ ਸਬੰਧੀ ਕੋਈ ਇਤਰਾਜ ਪ੍ਰਾਪਤ ਨਹੀਂ ਹੋਇਆ ਹੈ। ਇਸ ਸਥਿਤੀ ਨੂੰ ਮੁੱਖ ਰੱਖਦੇ ਹੋਏ Right to Fair Compensation and Transparency in Land Acquisition, Rehabilitation and Resettlement (RFCTLARR) Act 2013 ਦੇ ਸੈਕਸ਼ਨ 18 ਵਿੱਚ ਦਰਜ ਨਿਯਮਾਂ ਅਤੇ ਸ਼ਰਤਾ ਅਧੀਨ ਹਵਾਲਾ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਈ ਆਰ ਐਂਡ ਆਰ ਪਾਲਿਸੀ ਪ੍ਰਵਾਨ ਕੀਤੀ ਜਾਂਦੀ ਹੈ।

ਕਮਿਸ਼ਨਰ,
ਰੂਪਨਗਰ ਮੰਡਲ, ਰੂਪਨਗਰ।

Scanned with OKEN Scanner

## ਦਫਤਰ ਪ੍ਰਸ਼ਾਸ਼ਕ (ਆਰ. ਐਡ. ਆਰ)-ਕੰਮ-ਅਡੀਸ਼ਨਲ ਡਿਪਟੀ ਕਮਿਸ਼ਨਰ (ਜਨਰਲ)
## ਐਸ.ਏ.ਐਸ.ਨਗਰ

ਵਿਸ਼ਾ: ਐਸ.ਏ.ਐਸ .ਨਗਰ ਵਿਖੇ ਮੈਸ .ਲੈਂਡਚੇਸਟਰ ਇਨਫ੍ਰਾਸਟ੍ਰੱਕਚਰ ਐਸੋਸੀਏਟਸ ਦੇ ਐਰੋਬਿਜ਼ਨਸ ਪਾਰਕ ਨਾਮ ਦੇ ਇੰਡਸਟ੍ਰੀਅਲ ਪਾਰਕ ਵਿੱਚ ਪੈਂਦੇ ਰੈਵਿਨਿਊ ਰਸਤਿਆਂ ਲਈ ਭੌਂ ਪ੍ਰਾਪਤ ਕਰਨ ਸਬੰਧੀ-ਪ੍ਰਭਾਵਿਤ ਪਰਿਵਾਰਾਂ ਲਈ ਮੁੜ ਵਸਾਊ ਅਤੇ ਮੁੜ ਸਥਾਪਤੀ ਸਕੀਮ।।

0.1 **ਪ੍ਰੋਜੈਕਟ ਅਤੇ ਲੋਕ ਭਲਾਈ ਮੰਤਵ**

ਇਹ ਸਕੀਮ ਐਸ.ਏ.ਐਸ .ਨਗਰ ਵਿਖੇ ਮੈਸ .ਲੈਂਡਚੇਸਟਰ ਇਨਫ੍ਰਾਸਟ੍ਰੱਕਚਰ ਐਸੋਸੀਏਟਸ ਦੇ ਐਰੋਬਿਜ਼ਨਸ ਪਾਰਕ ਨਾਮ ਦੇ ਇੰਡਸਟ੍ਰੀਅਲ ਪਾਰਕ ਵਿੱਚ ਪੈਂਦੇ ਰੈਵਿਨਿਊ ਰਸਤਿਆਂ ਵਿੱਚੋ ਪ੍ਰਵਾਨਿਤ ਮਾਸਟਰ ਪਲੈਨ ਅਨੁਸਾਰ ਬੁਨਿਆਦੀ ਢਾਂਚੇ ਲਈ ਰਖਾਈ ਹੈ। ਜਿਸ ਦੀ ਭੌ ਪ੍ਰਾਪਤੀ ਕਰਨ ਦੀ ਤਜਵੀਜ ਹੈ ਅਤੇ ਇਹ ਸਕੀਮ ਪਿੰਡ ਮਾਣਕਪੁਰ ਕੱਲਰ ਵਿੱਚੋ ਪੈਂਦੀ ਹੈ। ਜਿਸ ਦਾ ਕੁੱਲ ਰਕਬਾ 1.0875 ਏਕੜ ਹੈ ।

0.2 **ਮੁੜ ਵਸੇਵਾ ਅਤੇ ਮੁੜ ਸਥਾਪਤੀ ਸਕੀਮ:**

ਇਹ ਮੁੜ ਵਸੇਵਾ ਅਤੇ ਮੁੜ ਸਥਾਪਤੀ ਸਕੀਮ RFCTLARR Act, 2013 ਦੀ ਧਾਰਾ 16 ਵਿੱਚ ਕੀਤੇ ਉਪਬੰਧਾਂ ਅਨੁਸਾਰ ਤਿਆਰ ਕੀਤੀ ਗਈ ਹੈ ਅਤੇ ਇਸ ਸਕੀਮ ਨੂੰ ਤਿਆਰ ਕਰਨ ਲਈ ਨਿਮਨ ਵਿਧੀ ਨੂੰ ਅਪਣਾਇਆ ਗਿਆ ਹੈ:-

ੳ) **ਮਰਦਮ ਸੁਮਾਰੀ ਸਰਵੇਖਣ(Census Survey):**

ਮਰਦਮ ਸੁਮਾਰੀ ਸਰਵੇ ਸਾਲ 2014 ਦੌਰਾਨ ਜਮੀਨ ਅਤੇ ਮਕਾਨਾਤ ਦੇ ਸਰਵੇਖਣ ਅੰਤਿਮ ਰੂਪ ਰੇਖਾ (alignment) ਅਤੇ ਜਮੀਨ ਦੇ ਸਮੁੱਚੇ ਸਰਵੇਖਣ ਕੀਤਾ ਗਿਆ। ਪਰ ਸਰਵੇਖਣ ਤੋਂ ਪਹਿਲਾਂ ਐਕਟ ਅਨੁਸਾਰ ਜੋ ਸੂਚਨਾ ਪ੍ਰਭਾਵਿਤ ਪਰਿਵਾਰਾਂ ਪਾਸੋ ਹਾਸਲ ਕੀਤੀ ਜਾਣੀ ਸੀ ਲਈ ਪ੍ਰਫਾਰਮੇ ਸਰਪੰਚਾਂ ਰਾਹੀਂ ਵੰਡੇ ਗਏ ਹਨ ਤਾਂ ਜੋ ਸਾਰੀ ਜਾਣਕਾਰੀ ਸਾਹਮਣੇ ਆ ਸਕੇ। ਇਹ ਸਰਵੇਖਣ ਵਿੱਚ ਅਸਲ ਪ੍ਰਭਾਵ ਜਮੀਨ ਦਾ ਖੁੱਸ ਜਾਣਾ ਹੈ:-

ਅ) **ਜਮੀਨ ਦੇ ਮਾਲਕ ਨਾਲ ਵਿਚਾਰ ਵਟਾਂਦਰ ਅਤੇ ਜਨਤਕ ਸੁਣਵਾਈ:**

ਜਦੋ ਇਹ ਮੁੜਵਸੇਵਾ ਅਤੇ ਮੁੜ ਸਥਾਪਤੀ ਸਕੀਮ ਕੀਤੀ ਗਈ ਤਾ ਬਹੁਤ ਸਾਰੇ ਮੁੱਦੇ ਜਿਨ੍ਹਾ ਨੂੰ ਧਿਆਨ ਵਿੱਚ ਰਖਿਆ ਗਿਆ ਕੁੱਝ ਮੁੱਦੇ ਪਿੰਡ ਦੇ ਪਧੱਰ ਤੇ ਅਤੇ ਕੁੱਝ ਮੁੱਦੇ ਨਿਜੀ ਤੌਰ ਤੇ ਵਿਚਾਰੇ ਗਏ। ਜਿਨ੍ਹਾਂ ਦੀ ਸੁਣਵਾਈ ਨਿਮਨ ਹਸਤਾਖਰ ਵੱਲੋਂ ਮਿਤੀ 21.05.2026 ਨੂੰ ਮਾਣਕਪੁਰ ਕੱਲਰ ਵਿਖੇ ਕੀਤੀ ਗਈ ਸੀ। ਪ੍ਰਸਤਾਵਿਤ ਪ੍ਰੋਜੈਕਟ ਦੀ ਭੌ ਪ੍ਰਾਪਤੀ ਪ੍ਰਵਾਨਤ ਮਾਸਟਰ ਪਲੈਨ ਵਿੱਚ ਪੈਂਦੀ ਹੈ ਅਤੇ ਕੰਪਨੀ ਵੱਲੋਂ ਇਹ ਰਕਬਾ ਰੈਵਿਨਿਊ ਰਸਤੇ ਪ੍ਰਾਪਤ ਕਰਨ ਲਈ ਸਰਕਾਰ ਨੂੰ ਬੇਨਤੀ ਕੀਤੀ ਹੈ। ਉਲੀਕੀ ਗਈ ਯੋਜਨਾ ਸਬੰਧੀ ਮਰਦੱਮ ਸੁਮਾਰੀ(Census Survey)ਦੇ ਨਿਸਕਰਸਾਂ ਮੁਤਾਬਿਕ ਸਕੀਮ ਦੇ ਸਰਵੇਖਣ ਦੀ ਤਫਸੀਲ ਨਿਮਨ ਅਨੁਸਾਰ ਹੈ:-

| ਲੜੀ ਨੰ. | ਵਸਤੂਆ ਦਾ ਵੇਰਵਾ | ਪ੍ਰਭਾਵ | ਆਰ.ਐਡ.ਆਰ ਸਕੀਮ ਤਹਿਤ ਦਿੱਤਾ ਜਾਣ ਵਾਲਾ ਲਾਭ |
|---|---|---|---|
| 1. | ਅਚਲ ਸੰਪਤੀ ਦੇ ਵੇਰਵੇ:-<br>1) ਕੋਈ ਨਹੀਂ | ਕਿਉਂ ਜੋ ਮੌਕੇ ਤੇ ਕੋਈ ਵੀ ਅਚਲ ਸੰਪਤੀ ਨਹੀਂ ਹੈ ਇਸ ਲਈ ਭੌ ਪ੍ਰਾਪਤੀ ਤੇ ਕੋਈ ਪ੍ਰਭਾਵ ਨਹੀਂ | • |
| 2. | ਜਮੀਨ ਦੇ ਖੁੱਸ ਜਾਣ ਨਾਲ ਰੋਜੀ ਰੋਟੀ ਦੇ ਸਾਧਨਾਂ ਦਾ ਖੁਸ ਜਾਣਾ | ਇਹ ਭੌਂ ਰੈਵਿਨਿਊ ਰਸਤੇ ਅਧੀਨ ਪੈਂਦੀ ਹੈ ਇਸ ਲਈ ਕਿਸੇ ਵੀ ਭੌਂ ਮਾਲਕ ਨੂੰ ਇਸਦਾ ਪ੍ਰਭਾਵ ਨਹੀਂ ਕਿਉਂ ਜੋ ਕੰਪਨੀ ਵੱਲੋਂ ਇਸਦਾ ਬਦਲਵਾਂ ਪ੍ਰਬੰਧ ਕੀਤਾ ਹੋਇਆ ਹੈ। | ਜੇਕਰ ਮੁਆਵਜੇ ਦੀ ਸੂਰਤ ਵਿੱਚ ਰਾਸ਼ੀ ਦੇਣੀ ਪਵੇਗੀ ਤਾਂ ਉਹ ਪੰਚਾਇਤ ਨੂੰ ਰੱਖ-ਰਖਾਵ ਲਈ ਦਿੱਤੀ ਜਾਵੇਗੀ। |

| | | | |
|---|---|---|---|
| 3. | ਬੇਜਮੀਨ ਲੋਕ ਜਿਹਨਾ ਦੀ ਰੋਜੀ ਰੋਟੀ ਦਾ ਮੁਢਲਾ ਸਾਧਨ ਪ੍ਰਭਾਵਿਤ ਹੋਇਆ ਹੈ। | ਕੋਈ ਨਹੀ | ਕੋਈ ਨਹੀ |
| 4. | ਜਨਤਕ ਸਾਧਨਾ/ਸਰਕਾਰੀ ਇਮਾਰਤਾ ਦੀ ਗਿਣਤੀ | ਸਿਧੇ ਤੋਰ ਤੇ ਕੋਈ ਨਹੀ | -- |
| 5. | ਸਾਂਝੀ ਸੰਪਤੀ ਦਾ ਵੇਰਵਾ | ਗ੍ਰਾਮ ਪੰਚਾਇਤ | ਅਜਿਹੀ ਭੋ ਪ੍ਰਾਪਤ ਕਰਨ ਦੀ ਸੂਰਤ ਬਦਲਾ ਮੁਆਵਜਾ ਸਬੰਧਤਾ ਨੂੰ ਜਾ ਸਬੰਧਤ ਵਿਭਾਗ ਨੂੰ ਦਿਤਾ ਜਾਵੇਗਾ |
| 6. | ਭੋ ਪ੍ਰਾਪਤੀ ਤੇ ਬਾਅਦ ਜਿਸ ਖਸਰਾ ਨੰਬਰ ਦਾ ਕੁੱਝ ਹਿੱਸਾ ਦਾ ਬੱਚ ਜਾਣ ਕਰਕੇ ਤੇ ਦੋ ਆਸੇ ਪਾਸੇ ਬੱਚੇ ਦੋ ਟਾੜ ਟੁਕੜੀਆਂ ਵਾਲੀ ਜਮੀਨ | -- | ਪਲੈਨਿੰਗ ਅਨੁਸਾਰ ਹੀ ਮੋਜੂਦਾ ਭੋ ਪ੍ਰਾਪਤ ਕੀਤੀ ਜਾ ਰਹੀ ਹੈ ਅਤੇ ਜੇਕਰ ਕੋਈ ਭੋ ਦਾ ਟੁਕੜਾ ਬੱਚ ਜਾਵੇਗਾ ਤਾ ਉਸ ਬਾਰੇ ਅੱਗੇ ਹੋਣ ਵਾਲੀ ਐਕੋਜਿਸਨ ਵਿੱਚ ਵਿੱਚਾਰ ਕੀਤਾ ਜਾ ਸਕਦਾ ਹੈ। |

ਪ੍ਰਸ਼ਾਸ਼ਕ (ਆਰ.ਐਡ.ਆਰ)-ਕਮ-
ਵਧੀਕ ਡਿਪਟੀ ਕਮਿਸ਼ਨਰ (ਜਨਰਲ),
ਐਸ.ਏ.ਐਸ ਨਗਰ, ਮੋਹਾਲੀ।

Scanned with OKEN Scanner